## ਬੀ.ਏ. ਭਾਗ-2, ਸਮੈਸਟਰ-3, ਪੰਜਾਬੀ ਲਾਜ਼ਮੀ

## ਸ਼ਬਦ

ਸ਼ਬਦ ਨੂੰ ਵਿਆਕਰਨ ਦੇ ਪੱਧਰ ਦੀ ਛੋਟੀ ਤੋਂ ਛੋਟੀ ਇਕਾਈ ਸਵੀਕਾਰਿਆ ਜਾਂਦਾ ਹੈ। ਇਹ ਇਕ ਅਜਿਹੀ ਇਕਾਈ ਹੈ ਜਿਸ ਦੀ ਪਰਿਭਾਸ਼ਾ ਸਬੰਧੀ ਅਜੇ ਵੀ ਵਿਵਾਦ ਹੈ ਪਰ ਦੂਜੀਆਂ ਸਾਰੀਆਂ ਇਕਾਈਆਂ ਦੀ ਪਰਿਭਾਸ਼ਾ ਇਸ ਦੇ ਅਧਾਰ ’ਤੇ ਕੀਤੀ ਜਾਂਦੀ ਹੈ (ਜਿਵੇਂ ਵਾਕੰਸ਼ ਦੀ ਪਰਿਭਾਸ਼ਾ ਵੇਲੇ : ਸ਼ਬਦ ਜਾਂ ਸ਼ਬਦ ਰੂਪ ਜਦੋਂ ਵਾਕ ਵਿਚ ਇਕ ਕਾਰਜ ਕਰੇ)। ਆਮ ਵਿਆਕਰਨਾਂ ਵਿਚ ਇਸ ਦੀ ਪਰਿਭਾਸ਼ਾ ਨੂੰ ਸਥਾਪਤ ਕੀਤੇ ਬਿਨਾਂ ਹੀ ਇਸ ਨੂੰ ਵਿਆਕਰਨਕ ਇਕਾਈ ਦਾ ਦਰਜਾ ਦਿੱਤਾ ਜਾਂਦਾ ਹੈ। ਸ਼ਬਦ ਦੀ ਪਰਿਭਾਸ਼ਾ ਨੂੰ ਸਥਾਪਤ ਕਰਨ ਲਈ ਜਾਂ ਇਸ ਦੀ ਨਿਸ਼ਾਨਦੇਹੀ ਕਰਨ ਲਈ ਕੁਝ ਅਧਾਰ ਇਸ ਪਰਕਾਰ ਹਨ : (i) ਦੋ ਠਹਿਰਾਓ ਵਿਚਕਾਰਲੀ ਇਕਾਈ (ii) ਦੋ ਖਾਲੀ ਥਾਵਾਂ ਵਿਚਕਾਰਲੀ ਇਕਾਈ (iii) ਘੱਟੋ ਘੱਟ ਛੋਟੀ ਇਕਾਈ (iv) ਇਕ ਅਰਥ ਪਰਗਟ ਕਰਨ ਵਾਲੀ ਇਕਾਈ। ਬੋਲਚਾਲ ਅਤੇ ਲਿਖਤ ਦੇ ਪੱਧਰ ’ਤੇ ਹਰ ਇਕ ਮਾਤ-ਭਾਸ਼ਾਈ ਬੁਲਾਰਾ ਸ਼ਬਦ ਦੀ ਪਛਾਣ ਕਰ ਲੈਂਦਾ ਹੈ। ਇਨ੍ਹਾਂ ਅਧਾਰਾਂ ਵਿਚੋਂ ਪਹਿਲਾ ਅਧਾਰ ਬੋਲਚਾਲ ਨਾਲ ਸਬੰਧਤ ਹੈ ਇਸ ਲਈ ਇਸ ਅਧਾਰ ਦਾ ਸਰੋਤ ਧੁਨੀ-ਵਿਉਂਤ (Phonology) ਨੂੰ ਬਣਾਇਆ ਜਾਂਦਾ ਹੈ। ਗੱਲਬਾਤ ਵੇਲੇ ਹਰ ਬੁਲਾਰਾ ਸ਼ਬਦਾਂ ਵਿਚਕਾਰ ਨਿਸ਼ਚਤ ਛੋਟੇ ਠਹਿਰਾਓ (Pause) ਦਿੰਦਾ ਹੈ ਜਿਵੇਂ : ਉਹ\ਪਿੰਡ\ਗਿਆ\ਹੋਇਆ\ਏ\ ਸ਼ਬਦ ਦੀ ਪਛਾਣ ਲਈ ਦੂਜਾ ਅਧਾਰ ਲਿਖਤ ਨੂੰ ਬਣਾਇਆ ਜਾਂਦਾ ਹੈ। ਲਿਖਤ ਵਿਚੋਂ ਸ਼ਬਦ ਦੀ ਪਛਾਣ ਹੋਰ ਵੀ ਸੌਖੀ ਹੈ ਕਿਉਂਕਿ ਇਸ ਅਧਾਰ ਦਾ ਸਰੋਤ ਲਿਖਣ ਢੰਗ (Orthography) ਹੈ। ਲਿਖਣ ਵੇਲੇ ਹਰ ਇਕ ਲਿਖਾਰੀ ਸ਼ਬਦ ਤੋਂ ਪਿਛੋਂ ਯੋਗ ਖਾਲੀ ਥਾਂ ਛੱਡਦਾ ਹੈ ਅਤੇ ਭਾਸ਼ਾ ਦੀ ਵਰਤੋਂ ਕਰਨ ਵਾਲਾ ਆਮ ਵਿਅਕਤੀ ਇਸ ਅਧਾਰ ’ਤੇ ਗਿਣਤੀ ਵੀ ਕਰ ਸਕਦਾ ਹੈ। ਪਰ ਸਥਾਪਤੀ ਦੇ ਇਨ੍ਹਾਂ ਦੋਹਾਂ ਅਧਾਰਾਂ ਦੀ ਆਲੋਚਨਾ ਵੀ ਹੋਈ ਹੈ ਕਿਉਂਕਿ ਇਸ ਭਾਂਤ ਦੇ ਪਰਿਭਾਸ਼ੀ ਲੱਛਣਾਂ ਨੂੰ ਸੰਯੋਗਾਤਮਕ ਭਾਸ਼ਾਵਾਂ ’ਤੇ ਲਾਗੂ ਨਹੀਂ ਕੀਤਾ ਜਾ ਸਕਦਾ। ਤੀਜੇ ਅਧਾਰ ਨੂੰ ਬਲੂਮਫੀਲਡ ਨੇ ਸਥਾਪਤ ਕੀਤਾ ਹੈ। ਉਸ ਨੇ ਸ਼ਬਦ ਨੂੰ ਭਾਸ਼ਾ ਦੀ ਵਿਆਕਰਨ ਦੇ ਪੱਧਰ ’ਤੇ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਕਹਿ ਕੇ ਪਰਿਭਾਸ਼ਤ ਕੀਤਾ ਹੈ। ਸੁਤੰਤਰ ਇਕਾਈ ਤੋਂ ਭਾਵ ਹੈ ਕਿ ਸ਼ਬਦ ਵਾਕਾਤਮਕ ਤਰਤੀਬ ਵਿਚ ਸਥਾਨ ਬਦਲ ਸਕਣ ਦੀ ਸਮਰੱਥਾ ਰੱਖਦਾ ਹੋਵੇ, ਜਿਵੇਂ : ਉਹ ਸਕੂਲ ਗਿਆ ਹੈ/ ਸਕੂਲ ਗਿਆ ਹੈ ਉਹ/ ਗਿਆ ਹੈ ਉਹ ਸਕੂਲ। ਇਹ ਸ਼ਬਦ ਸੁਤੰਤਰ ਰੂਪ ਵਿਚ ਕਿਸੇ ਦੂਜੇ ਸ਼ਬਦ ਦੇ ਨਾਲ ਹੀ ਵਿਚਰ ਸਕਦੇ ਹਨ। ਪਰੰਪਰਾਵਾਦੀ ਵਿਆਕਰਨਕਾਰਾਂ ਨੇ ਸ਼ਬਦਾਂ ਦੀ ਪਰਿਭਾਸ਼ਾ ਅਰਥ ਦੇ ਅਧਾਰ ’ਤੇ ਕੀਤੀ ਹੈ ਅਤੇ ਕਈ ਵਾਰ ਤਾਂ ਇਸ ਤਰ੍ਹਾਂ ਵੀ ਕਿਹਾ ਹੈ ‘ਕੁਝ ਸ਼ਬਦ ਸਾਰਥਕ ਹੁੰਦੇ ਹਨ ਅਤੇ ਕੁਝ ਨਿਰਾਰਥਕ।’ ਹਰ ਸ਼ਬਦ ਦਾ ਇਕੋ ਅਰਥ ਨਹੀਂ ਹੁੰਦਾ ਜਿਵੇਂ : ‘ਵੱਟ’ ਸ਼ਬਦ ਨੂੰ ਲਿਆ ਜਾ ਸਕਦਾ ਹੈ : ਵੱਟ (ਵੱਟ ਲਗਣਾ), ਵੱਟ (ਵੱਟ ਪੈਣਾ), ਵੱਟ (ਰੱਸੀ ਦੀ ਵੱਟ), ਵੱਟ (ਜ਼ਮੀਨ ਤੇ ਵਾਹੀ ਗਈ), ਵੱਟ (ਪੈਸਾ ਵੱਟ ਲਿਆ) ਆਦਿ। ਇਸ ਸਮੱਸਿਆ ਦੇ ਸਮਾਧਾਨ ਲਈ ਸ਼ਬਦਾਂ ਨੂੰ ‘ਵਿਆਕਰਨਕ’ ਅਤੇ ‘ਕੋਸ਼ਗਤ ਸ਼ਬਦ’ ਵਿਚ ਵੰਡਿਆ ਜਾਂਦਾ ਹੈ। ਸ਼ਬਦਾਂ ਦੇ ਜਿਹੜੇ ਰੂਪਾਂ ਨੂੰ ਕੋਸ਼ ਵਿਚ ਦਰਜ ਕਰਨ ਲਈ ਮੁੱਢਲੀ ਇਕਾਈ ਵਜੋਂ ਲਿਆ ਜਾਵੇ ਉਸ ਸ਼ਬਦ ਰੂਪ ਨੂੰ ਕੋਸ਼ਗਤ ਸ਼ਬਦ ਜਾਂ ਮੁੱਖ ਸ਼ਬਦ ਆਖਿਆ ਜਾਂਦਾ ਹੈ। ਵਾਕ-ਬਣਤਰਾਂ ਵਿਚ ਵਿਚਰਨ ਵਾਲੇ ਸ਼ਬਦਾਂ ਨੂੰ ਵਿਆਕਰਨਕ ਸ਼ਬਦ ਕਿਹਾ ਜਾਂਦਾ ਹੈ। ਇਕ ਤੋਂ ਵਧੇਰੇ ਅਰਥਾਂ ਵਾਲੇ ਸ਼ਬਦਾਂ ਨੂੰ ਵਾਕ ਵਿਚ ਸੰਦਰਭਾਤਮਕ ਸ਼ਬਦ ਕਿਹਾ ਜਾਂਦਾ ਹੈ। ਇਨ੍ਹਾਂ ਦੇ ਅਰਥਾਂ ਦਾ ਪਤਾ ਵਾਕ ਵਿਚ ਵਰਤੋਂ ਦੇ

ਅਧਾਰ ਤੋਂ ਹੀ ਲਗਦਾ ਹੈ ਜਿਵੇਂ : 'ਰੱਸੀ ਸੜ ਗਈ ਪਰ ਵਟ ਨਾ ਗਿਆ, ਉਸ ਦੇ ਪੇਟ ਵਿਚ ਵਟ ਪੈ ਰਿਹਾ ਸੀ, ਉਹ ਪੱਗ ਵਟ ਭਰਾ ਹਨ, ਉਸ ਦੇ ਚਿਹਰੇ ਦਾ ਰੰਗ ਵਟ ਗਿਆ ਆਦਿ।

ਰੂਪ\ਬਣਤਰ ਦੇ ਅਧਾਰ 'ਤੇ ਸ਼ਬਦਾਂ ਨੂੰ ਇਸ ਪਰਕਾਰ ਵੰਡਿਆ ਜਾਂਦਾ ਹੈ : (i) ਇਕ ਭਾਵਾਂਸੀ (ii) ਬਹੁ-ਭਾਵਾਂਸੀ (iii) ਮਿਸ਼ਰਤ ਅਤੇ ਸੰਯੁਕਤ (iv) ਵਿਕਾਰੀ ਤੇ ਅਵਿਕਾਰੀ (v) ਦੁਹਰੁਕਤੀ ਆਦਿ। ਸ਼ਬਦਾਂ ਦੀ ਬਣਤਰ ਇਕ ਭਾਵਾਂਸੀ (Monomorphemic) ਜਾਂ ਬਹੁ-ਭਾਵਾਂਸੀ (Polymorphemic) ਹੋ ਸਕਦੀ ਹੈ। **ਇਕ ਭਾਵਾਂਸੀ** ਸ਼ਬਦ ਕੇਵਲ ਧਾਤੂ ਰੂਪ ਹੀ ਵਿਚਰਦਾ ਹੈ, ਜਿਵੇਂ : ਜਾਂਦਾ, ਜਾਂਦੇ, ਜਾਂਦੀਆਂ ਆਦਿ ਵਿਚ ਜਾ ਧਾਤੂ ਹੈ। ਦੂਜੇ ਪਾਸੇ **ਦੂਜੀ ਭਾਂਤ ਦੇ** ਸ਼ਬਦਾਂ ਵਿਚ ਦੋ ਜਾਂ ਦੋ ਤੋਂ ਵਧੇਰੇ ਭਾਵਾਂਸ਼ ਵਿਚਰਦੇ ਹਨ ਜਿਵੇਂ : ਅਨਪੜ੍ਹਤਾ (ਅਨ+ਪੜ੍ਹ+ਤਾ) ਵਿਚ ਤਿੰਨ ਭਾਵਾਂਸ਼ ਹਨ। **ਵਿਕਾਰੀ** ਸ਼ਬਦਾਂ ਦੀ ਰੂਪਾਵਲੀ ਬਣਦੀ ਹੈ ਜਿਵੇਂ : ਲਿਖਦਾ, ਲਿਖਦੀ, ਲਿਖਦੀਆਂ ਆਦਿ। ਦੂਜੇ ਪਾਸੇ **ਅਵਿਕਾਰੀ** ਸ਼ਬਦਾਂ ਦੀ ਰੂਪਾਵਲੀ ਨਹੀਂ ਬਣਦੀ ਜਿਵੇਂ : ਨੇ, ਨੂੰ ਲਈ, ਕਿ, ਪਰ ਆਦਿ। **ਸੰਯੁਕਤ ਅਤੇ ਮਿਸ਼ਰਤ** ਸ਼ਬਦਾਂ ਦੀ ਬਣਤਰ ਵਿਚ ਮੁਕਤ (ਭਾਵਾਂਸ਼)+ਮੁਕਤ, ਬੰਧੇਜੀ+ਮੁਕਤ ਅਤੇ ਬੰਧੇਜੀ+ਬੰਧੇਜੀ ਭਾਵਾਂਸ਼ ਵਿਚਰਦੇ ਹਨ ਜਿਵੇਂ : ਰਾਮਰਾਜਰਾਮ+ਰਾਜ, ਘੋੜਸਵਾਰਘੋੜ+ਸਵਾਰ। **ਦੁਹਰੁਕਤੀ** ਵਿਚ ਦੋ ਰੂਪ ਇਕੱਠੇ ਕਾਰਜ ਕਰਦੇ ਹਨ ਜਿਵੇਂ : ਮਾਰ-ਮੂਰ, ਰੋਣ-ਧੋਣ, ਧੋ-ਧੋ, ਰੋ-ਰੋ। ਮਿਸ਼ਰਤ ਅਤੇ ਸੰਯੁਕਤ ਸ਼ਬਦ ਬਣਤਰਾਂ ਵਿਚ ਵਿਚਰਨ ਵਾਲੇ ਤੱਤਾਂ ਨੂੰ ਵਧੇਤਰ ਅਤੇ ਧਾਤੂ ਵਿਚ ਵੰਡਿਆ ਜਾਂਦਾ ਹੈ ਅਤੇ ਵਧੇਤਰ ਨੂੰ ਅੱਗੋ ਅਗੇਤਰ, ਮਧੇਤਰ ਅਤੇ ਪਿਛੇਤਰ ਵਿਚ ਵੰਡਿਆ ਜਾਂਦਾ ਹੈ।

**ਡਾ. ਹਰਜਿੰਦਰ ਸਿੰਘ,**

**ਮੁਖੀ, ਪੰਜਾਬੀ ਵਿਭਾਗ,**

**ਅਕਾਲ ਡਿਗਰੀ ਕਾਲਜ, ਮਸਤੂਆਣਾ ਸਾਹਿਬ।**